### ਕਲੀਸੀਆਈ ਅਧਿਕਾਰ ਖੇਤਰ ਤੋਂ

19 ਅਕਤੂਬਰ, 2025 ਨੂੰ ਮਨਾਏ ਜਾਣ ਵਾਲੇ ਵਿਸ਼ਵ ਮਿਸ਼ਨ ਦਿਵਸ 2025 ਲਈ ਸੰਤ ਪਾਪਾ ਪੋਪ ਫਰਾਂਸਿਸ ਵੱਲੋਂ 25 ਜਨਵਰੀ, 2025 ਨੂੰ ਜਾਰੀ ਕੀਤੇ ਗਏ ਵਿਸ਼ਵ ਵਿਆਪੀ ਰਸੂਲੀ ਪੱਤਰ ਦੇ, ਪਾਠਕਾਂ ਲਈ ਮੁੱਖ ਅੰਸ਼।

– ਸਾਡਾ ਜ਼ਮਾਨਾ

ਵਿਸ਼ਵ ਮਿਸ਼ਨ ਦਿਵਸ 2025 ਲਈ ਸੰਤ ਪਾਪਾ ਪੋਪ ਫਰਾਂਸਿਸ ਦਾ

# ਸੰਦੇਸ਼

**19 ਅਕਤੂਬਰ, 2025**

## ਸਭ ਲੋਕਾਂ ਵਿੱਚ ਉਮੀਦ ਦੇ ਮਿਸ਼ਨਰੀ

ਪਿਆਰੇ ਭਰਾਓ ਅਤੇ ਭੈਣੋਂ,

ਜੁਬਲੀ ਸਾਲ 2025 ਵਿੱਚ ਵਿਸ਼ਵ ਮਿਸ਼ਨ ਦਿਵਸ ਲਈ, ਜਿਸ ਦਾ ਕੇਂਦਰੀ ਸੰਦੇਸ਼ ਉਮੀਦ ਹੈ, ਮੈਂ "**ਸਾਡੇ ਲੋਕਾਂ ਵਿੱਚ ਉਮੀਦ ਦੇ ਮਿਸ਼ਨਰੀ**" ਦਾ ਵਿਸ਼ਾ ਚੁਣਿਆ ਹੈ। ਇਹ ਵਿਅਕਤੀਗਤ ਮਸੀਹੀ, ਸਮੁੱਚੀ ਕਲੀਸੀਆ, ਅਤੇ ਬਪਤਿਸਮਾ ਯਾਫ਼ਤਾ ਭਾਈਚਾਰੇ ਨੂੰ, ਸਾਡੀ ਬੁਨਿਆਦੀ ਬੁਲਾਹਟ ਦੀ ਯਾਦ ਦਿਲਾਉਂਦਾ ਹੈ ਕਿ ਉਹ ਮਸੀਹ ਦੇ ਨਕਸ਼-ਏ-ਕਦਮ 'ਤੇ ਸੰਦੇਸ਼ਵਾਹਕ ਅਤੇ ਉਮੀਦ ਦੇ ਨਿਰਮਾਤਾ ਹੋਣ। ਮੈਨੂੰ ਵਿਸ਼ਵਾਸ ਹੈ ਕਿ ਇਹ ਹਰ ਕਿਸੇ ਲਈ ਵਾਅਦਿਆਂ ਦੇ ਪੱਕੇ ਖ਼ੁਦਾ ਨਾਲ ਕਿਰਪਾ ਦਾ ਸਮਾਂ ਹੋਵੇਗਾ ਜਿਸਨੇ ਸਾਨੂੰ ਜ਼ਿੰਦਾ ਹੋਏ ਮਸੀਹ ਵਿੱਚ ਇੱਕ ਜੀਵਿਤ ਉਮੀਦ ਲਈ ਨਵਾਂ ਜਨਮ ਦਿੱਤਾ ਹੈ। ਇੱਥੇ ਮੈਂ ਮਸੀਹੀ ਮਿਸ਼ਨਰੀ ਪਛਾਣ ਦੇ ਕੁਝ ਸੰਬੰਧਿਤ ਪਹਿਲੂਆਂ ਦਾ ਵਰਨਣ ਕਰਨਾ ਚਾਹੁੰਦਾ ਹਾਂ ਤਾਂ ਜੋ ਅਸੀਂ ਆਪਣੇ ਆਪ ਵਿੱਚ ਖ਼ੁਦਾ ਦੇ ਆਤਮਾ ਦੀ ਅਗਵਾਈ ਪ੍ਰਾਪਤ ਕਰਕੇ ਨਵੇਂ ਜੋਸ਼ ਨਾਲ ਇੱਕ ਅਜਿਹੀ ਦੁਨੀਆ ਵਿੱਚ ਉਮੀਦ ਨੂੰ ਮੁੜ ਸੁਰਜੀਤ ਕਰੀਏ ਜਿੱਥੇ ਹਨੇਰੇ ਦੇ ਬਦਲ ਛਾਏ ਹੋਏ ਹਨ।

**1. ਮਸੀਹ ਦੇ ਕਦਮਾਂ ਵਿੱਚ ਸਾਡੀ ਉਮੀਦ**

2000 ਸਾਲ ਦੇ ਪਵਿੱਤਰ ਸਾਲ ਤੋਂ ਬਾਅਦ ਤੀਜੇ ਹਜ਼ਾਰੇ ਸਾਲ ਦੀ ਪਹਿਲੀ ਜੁਬਲੀ ਮਨਾਉਂਦੇ ਹੋਏ, ਅਸੀਂ ਆਪਣੀ ਨਜ਼ਰ ਇਤਿਹਾਸ ਦੇ ਕੇਂਦਰ, ਮਸੀਹ, ਤੇ ਟਿਕਾਈ ਰੱਖਦੇ ਹਾਂ ਜੋ ਕੱਲ, ਅੱਜ ਅਤੇ ਹਮੇਸ਼ਾ ਲਈ ਇੱਕੋ ਜਿਹਾ ਹੈ (ਦੇਖੋ ਇਬਰਾਨੀਆਂ 13:8)। ਨਾਜ਼ਰਥ ਦੇ ਸਿਨੋਗਾਗ (ਪ੍ਰਾਰਥਨਾ ਭਵਨ) ਵਿੱਚ ਪ੍ਰਭੂ ਯਿਸੂ ਨੇ ਐਲਾਨ ਕੀਤਾ ਕਿ ਇਤਿਹਾਸ ਵਿੱਚ ਉਸਦੀ ਮੌਜੂਦਗੀ ਦੇ ਸੰਧਰਭ ਵਿੱਚ "ਅੱਜ" ਧਰਮ ਗ੍ਰੰਥ ਦੇ ਵਾਕ ਪੂਰੇ ਹੋਏ ਹਨ। ਇਸ ਤਰ੍ਹਾਂ ਉਸਨੇ ਪ੍ਰਗਟ ਕੀਤਾ ਕਿ ਉਹ ਉਹੀ ਹੈ ਜਿਸਨੂੰ ਪਿਤਾ ਦੁਆਰਾ ਪਵਿੱਤਰ ਆਤਮਾ ਦੇ ਮਸਹ ਨਾਲ ਭੇਜਿਆ ਗਿਆ ਹੈ ਤਾਂ ਜੋ ਉਹ ਸਾਰੀ ਮਨੁੱਖਤਾ ਲਈ ਖ਼ੁਦਾ ਦੇ ਰਾਜ ਦੀ ਖੁਸ਼ਖਬਰੀ ਦਾ ਐਲਾਨ ਕਰ ਸਕੇ ਅਤੇ ਪ੍ਰਭੂ ਦੀ ਕਿਰਪਾ ਦੇ ਸਾਲ ਦਾ ਆਰੰਭ ਕਰੇ (ਦੇਖੋ ਸੰਤ ਲੂਕਾ 4:16–21)।

ਇਸ ਭੇਦ ਵਿੱਚ ਜੋ ਦੁਨੀਆ ਦੇ ਅੰਤ ਤਕ ਰਹੇਗਾ, ਅੱਜ ਮਸੀਹ ਸਾਰਿਆਂ ਲਈ ਮੁਕਤੀ ਦੀ ਸੰਪੂਰਨਤਾ ਹੈ ਅਤੇ ਵਿਸ਼ੇਸ਼ ਕਰਕੇ ਉਹਨਾਂ ਲਈ ਜਿਹਨਾਂ ਦੀ ਇੱਕੋ-ਇੱਕ ਉਮੀਦ ਖ਼ੁਦਾ ਹੈ। ਧਰਤੀ ਉੱਤੇ ਦੇ ਆਪਣੇ ਜੀਵਨ ਵਿੱਚ ਪ੍ਰਭੂ ਯਿਸੂ ਭਲਾ ਕਰਦੇ ਰਹੇ ਅਤੇ ਸਾਰਿਆਂ ਨੂੰ ਮਾਂਦਗੀਆਂ, ਬੁਰਾਈਆਂ ਅਤੇ ਦੁਸ਼ਟ ਆਤਮਾਵਾਂ ਤੋਂ ਚੰਗਾ ਕਰਦੇ ਰਹੇ (ਦੇਖੋ ਰਸੂਲਾਂ ਦੇ ਕਰਤੱਬ 10:38)। ਉਸਨੇ, ਪਾਪ ਨੂੰ ਛੱਡ ਕੇ ਸਾਡੀਆਂ ਸਾਰੀਆਂ ਮਨੁੱਖੀ ਕਮਜ਼ੋਰੀਆਂ ਦਾ ਅਨੁਭਵ ਕੀਤਾ, ਇੱਥੋਂ ਤਕ ਕਿ ਉਹਨਾਂ ਨਾਜ਼ੁਕ ਪਲਾਂ ਵਿੱਚ ਵੀ ਜੋ ਨਿਰਾਸ਼ਾ ਵੱਲ ਲੈ ਜਾ ਸਕਦੇ ਸਨ, ਜਿਵੇਂ ਕਿ ਗਤਸਮਨੀ ਬਾਗ਼ ਵਿੱਚ ਦੁੱਖਭੋਗ ਅਤੇ ਸਲੀਬੀ ਮੌਤ। ਇਉਂ ਪ੍ਰਭੂ ਯਿਸੂ ਨੇ ਮਨੁੱਖਤਾ ਪ੍ਰਤੀ ਖ਼ੁਦਾ ਦੀ ਮੁਕਤੀਕਾਰੀ ਯੋਜਨਾ ਖ਼ਾਤਿਰ, ਸਭ ਕੁਝ ਖ਼ੁਦਾ ਬਾਪ ਨੂੰ ਸੌਂਪ ਦਿੱਤਾ।

ਚੇਲਿਆਂ ਰਾਹੀਂ, ਪ੍ਰਭੂ ਯਿਸੂ ਮਨੁੱਖਤਾ ਲਈ ਆਪਣੀ ਸੇਵਕਾਈ ਜਾਰੀ ਰੱਖਦੇ ਹਨ। ਉਹ ਅੱਜ ਵੀ ਗਰੀਬ, ਦੁੱਖੀ, ਨਿਰਾਸ਼ ਅਤੇ ਦੱਬੇ ਕੁਚਲਿਆਂ ਦੇ ਜ਼ਖ਼ਮਾਂ 'ਤੇ ਦਿਲਾਸੇ ਦਾ ਮਲਮ ਅਤੇ ਉਮੀਦ ਦੀ ਮੈਅ ਡੋਲਦੇ ਹਨ। ਅੱਤਿਆਚਾਰ, ਮੁਸੀਬਤਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਕਲੀਸੀਆ (ਚਰਚ) ਮਸੀਹ ਦੇ ਪਿਆਰ ਦੁਆਰਾ ਨਿਰੰਤਰ ਪ੍ਰੇਰਿਤ ਹੁੰਦੀ ਹੈ। ਇਹ ਉਹ ਕਲੀਸੀਆ (ਚਰਚ) ਹੈ ਜਿਸਨੂੰ ਪ੍ਰਭੂ ਹਮੇਸ਼ਾ ਅਤੇ ਹਮੇਸ਼ਾ ਲਈ ਆਪਣੇ ਕਦਮਾਂ ਤੇ ਚੱਲਣ ਲਈ ਕਹਿੰਦਾ ਹੈ : ਇੱਕ ਮਿਸ਼ਨਰੀ ਚਰਚ ਜੋ ਦੁਨੀਆ ਦੇ ਹਰ ਕੋਨੇ ਵਿੱਚ ਆਪਣੇ ਪ੍ਰਭੂ ਨਾਲ ਚੱਲਦਾ ਹੈ।

ਪ੍ਰਭੂ ਯਿਸੂ ਦੇ ਨਕਸ਼-ਏ-ਕਦਮਾਂ 'ਤੇ ਚੱਲਣ ਲਈ ਪ੍ਰੇਰਿਤ ਹੁੰਦੇ ਹੋਏ, ਸਾਰੇ ਬਪਤਿਸਮਾ ਯਾਫ਼ਤਾ ਮਸੀਹ ਦੇ ਮਿਸ਼ਨਰੀ ਚੇਲਿਆਂ ਵਜੋਂ, ਧਰਤੀ ਦੇ ਹਰ ਕੋਨੇ ਵਿੱਚ ਉਸਦੀ ਉਮੀਦ ਨੂੰ ਚਮਕਾਉਣ ਦਾ ਸਰੋਤ ਹੋਣ।

**2. ਮਸੀਹੀ, ਸਭ ਲੋਕਾਂ ਵਿੱਚ ਉਮੀਦ ਦੇ ਧਾਰਨੀ ਅਤੇ ਨਿਰਮਾਤਾ ਹੋਣ**

ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਹੋਏ, ਮਸੀਹੀਆਂ ਨੂੰ, ਉਮੀਦ ਦੇ ਧਾਰਨੀ ਅਤੇ ਨਿਰਮਾਤਾ ਬਣਨ ਵਜੋਂ ਉਹਨਾਂ ਲੋਕਾਂ ਦੀਆਂ ਠੋਸ ਜੀਵਨ ਸਥਿਤੀਆਂ ਨੂੰ ਸਾਂਝਾ ਕਰਕੇ ਖੁਸ਼ਖਬਰੀ ਸੁਣਾਉਣ ਲਈ ਕਿਹਾ ਜਾਂਦਾ ਹੈ – ਜਿਹਨਾਂ ਨੂੰ ਉਹ ਮਿਲਦੇ ਹਨ। ਸਾਡੇ ਸਮੇਂ ਦੇ ਲੋਕਾਂ ਦੀਆਂ ਖੁਸ਼ੀਆਂ ਅਤੇ ਉਮੀਦਾਂ, ਦੁੱਖ ਅਤੇ ਪੀੜਾ, ਵਿਸ਼ੇਸ਼ ਕਰਕੇ ਉਹਨਾਂ ਲੋਕਾਂ ਦੀਆਂ ਜੋ ਗਰੀਬ ਜਾਂ ਦੁੱਖੀ ਹਨ, ਇਹ ਸਭ ਮਸੀਹ ਦੇ ਪੈਰੋਕਾਰਾਂ ਦੀਆਂ ਖੁਸ਼ੀਆਂ ਅਤੇ ਉਮੀਦਾਂ, ਦੁੱਖ ਅਤੇ ਪੀੜਾ ਵੀ ਹਨ। ਦੂਸਰੀ ਵੈਟੀਕਨ ਕੌਂਸਿਲ ਦਾ ਇਹ ਪ੍ਰਸਿੱਧ ਕਥਨ ਹਰ ਯੁੱਗ ਵਿੱਚ ਮਸੀਹੀ ਭਾਈਚਾਰਿਆਂ ਦੀ ਭਾਵਨਾ ਅਤੇ ਸ਼ੈਲੀ ਨੂੰ ਪ੍ਰਗਟ ਕਰਦਾ ਹੈ, ਉਹਨਾਂ ਦੇ ਮੈਂਬਰਾਂ ਨੂੰ ਪ੍ਰੇਰਿਤ ਕਰਦਾ ਅਤੇ ਉਹਨਾਂ ਨੂੰ ਦੁਨੀਆ ਵਿੱਚ ਆਪਣੇ ਭੈਣ-ਭਰਾਵਾਂ ਨਾਲ ਚੱਲਣ ਵਿੱਚ ਮਦਦ ਕਰਦਾ ਹੈ। ਇੱਥੇ ਮੈਂ ਵਿਸ਼ੇਸ਼ ਤੌਰ ਤੇ ਤੁਹਾਡੇ ਵਿੱਚ ਉਹਨਾਂ ਲੋਕਾਂ ਬਾਰੇ ਸੋਚਦਾ ਹਾਂ ਜੋ ਪ੍ਰਭੂ ਦੇ ਸੱਦੇ ਦੀ ਪਾਲਣਾ ਕਰਦੇ ਹੋਏ, ਮਸੀਹ ਦੇ ਪਿਆਰ ਨੂੰ ਪ੍ਰਗਟ ਕਰਨ ਲਈ ਦੂਜੀਆਂ ਕੌਮਾਂ ਵਿੱਚ ਗਏ ਹੋ। ਇਸ ਲਈ, ਮੈਂ ਤੁਹਾਡਾ ਦਿਲੋਂ ਧੰਨਵਾਦ ਕਰਦਾ ਹਾਂ। ਤੁਹਾਡੇ ਜੀਵਨ ਜੀਉੱਠੇ ਮਸੀਹ ਦੇ ਹੁਕਮ ਦਾ ਸਪੱਸ਼ਟ ਉੱਤਰ ਹਨ ਜਿਸਨੇ ਆਪਣੇ ਚੇਲਿਆਂ ਨੂੰ ਸਾਰੇ ਲੋਕਾਂ ਨੂੰ ਪ੍ਰਚਾਰ ਕਰਨ ਲਈ ਭੇਜਿਆ (ਦੇਖੋ ਸੰਤ ਮੱਤੀ 28:18-20)। ਇਸ ਤਰ੍ਹਾਂ ਤੁਸੀਂ ਬਪਤਿਸਮਾ ਯਾਫਤਾ ਲੋਕ ਵਿਸ਼ਵਵਿਆਪੀ ਬੁਲਾਹਟ ਦੇ ਪ੍ਰਤੀਕ, ਆਤਮਾ ਦੀ ਸ਼ਕਤੀ ਅਤੇ ਰੋਜ਼ਾਨਾ ਦੀਆਂ ਕੋਸ਼ਿਸ਼ਾਂ ਦੁਆਰਾ, ਸਾਰੇ ਲੋਕਾਂ ਵਿੱਚ ਮਿਸ਼ਨਰੀ ਅਤੇ ਦਿੱਤੀ ਗਈ ਮਹਾਨ ਉਮੀਦ ਦੇ ਗਵਾਹ ਬਣੋ।

ਇਸ ਉਮੀਦ ਦਾ ਦ੍ਰਿਸ਼ ਇਸ ਸੰਸਾਰ ਦੀਆਂ ਗੁਜ਼ਰਦੀਆਂ ਚੀਜ਼ਾਂ ਤੋਂ ਪਾਰ ਹੈ ਅਤੇ ਉਹਨਾਂ ਦੈਵੀ ਸੱਚਾਈਆਂ ਨੂੰ ਖੋਲ੍ਹਦਾ ਹੈ ਜਿਹਨਾਂ ਵਿੱਚ ਅਸੀਂ ਹੁਣ ਵੀ ਸਾਂਝ ਰੱਖਦੇ ਹਾਂ। ਸੰਤ ਪੌਲ 6ਵੇਂ ਦੇ ਕਥਨ ਅਨੁਸਾਰ, ਚਰਚ ਸਾਰਿਆਂ ਨੂੰ ਮਸੀਹ ਵਿੱਚ ਮੁਕਤੀ, ਖ਼ੁਦਾ ਦੀ ਦਯਾ ਦੇ ਤੋਹਫੇ ਵਜੋਂ ਪ੍ਰਦਾਨ ਕਰਦਾ ਹੈ। ਇਹ ਇੱਕ ਮੁਕਤੀ ਹੈ ਜੋ ਪਾਰਦਰਸ਼ੀ ਅਤੇ ਪਰਲੋਕ ਦੋਵਾਂ ਵਿੱਚ ਹੈ ਜਿਸਦੀ ਅਸਲ ਵਿੱਚ ਇਸ ਜੀਵਨ ਵਿੱਚ ਸ਼ੁਰੂਆਤ ਹੈ ਪਰ ਸਦੀਵਤਾ ਵਿੱਚ ਪੂਰਨਤਾ ਹੁੰਦੀ ਹੈ।

ਇਸ ਮਹਾਨ ਉਮੀਦ ਤੋਂ ਪ੍ਰੇਰਿਤ ਹੋ ਕੇ ਮਸੀਹੀ ਭਾਈਚਾਰੇ, ਅਜਿਹੀ ਦੁਨੀਆ ਵਿੱਚ ਇੱਕ ਨਵੀਂ ਮਨੁੱਖਤਾ ਦੇ ਸੰਕੇਤਕ ਹੋ ਸਕਦੇ ਹਨ ਜੋ ਸਭ ਤੋਂ ਵੱਧ 'ਵਿਕਸਤ' ਖੇਤਰਾਂ ਵਿੱਚ, ਬਜ਼ੁਰਗਾਂ ਦੀਆਂ ਜ਼ਰੂਰਤਾਂ ਪ੍ਰਤੀ ਭਿੰਨਤਾ, ਇਕੱਲਤਾ ਅਤੇ ਉਦਾਸੀਨਤਾ ਦੀ ਇੱਕ ਵਿਆਪਕ ਭਾਵਨਾ, ਅਤੇ ਲੋੜਵੰਦ ਗਵਾਂਢੀਆਂ ਦੀ ਸਹਾਇਤਾ ਕਰਨ ਤੋਂ ਝਿੱਜਕ ਆਦਿ ਪ੍ਰਤੀ ਮਨੁੱਖੀ ਸੰਕਟ ਦੇ ਗੰਭੀਰ ਲੱਛਣ ਹਨ। ਨੇੜਤਾ ਅਲੋਪ ਹੋ ਰਹੀ ਹੈ, ਅਸੀਂ ਸਾਰੇ ਆਪਸ ਵਿੱਚ ਜੁੜੇ ਹੋਏ ਤਾਂ ਹਾਂ, ਪਰ ਆਪਸੀ ਸੰਬੰਧ ਨਹੀਂ ਹਨ। ਇੱਕ ਭਾਈਚਾਰੇ ਦੇ ਜੀਵਨ ਵਿੱਚ ਅੰਜੀਲ ਦਾ ਅਨੁਭਵ ਸਾਨੂੰ ਇੱਕ ਸਮੁੱਚੀ, ਸਿਹਤਮੰਦ, ਮੁਕਤ ਮਨੁੱਖਤਾ ਵਿੱਚ ਬਹਾਲ ਕਰ ਸਕਦਾ ਹੈ।

ਇਸ ਕਾਰਨ, ਮੈਂ ਇੱਕ ਵਾਰ ਫਿਰ ਸਾਰਿਆਂ ਨੂੰ ਸੱਦਾ ਦਿੰਦਾ ਹਾਂ ਕਿ ਅਸੀਂ ਜੁਬਲੀ ਦੇ ਵਿਸ਼ਪਵਿਆਪੀ ਪੱਤਰ (Bull of Indiction of the Jubilee, Nos 7-15) ਵਿੱਚ ਦਰਸਾਏ ਗਏ ਕੰਮਾਂ ਨੂੰ ਪੂਰਾ ਕਰੀਏ, ਗਰੀਬ ਅਤੇ ਕਮਜ਼ੋਰ, ਬਿਮਾਰ, ਬਜ਼ੁਰਗ ਅਤੇ ਸਮਾਜ ਤੋਂ ਬਾਹਰ ਰੱਖੇ ਗਏ ਲੋਕਾਂ ਵੱਲ ਧਿਆਨ ਦੇਈਏ ਅਤੇ ਉਹਨਾਂ ਪ੍ਰਤੀ : ਨੇੜਤਾ, ਹਮਦਰਦੀ ਅਤੇ ਕੋਮਲਤਾ ਦੀ ਖ਼ੁਦਾਈ ਸ਼ੈਲੀ ਨੂੰ ਯਕੀਨੀ ਬਣਾਈਏ। ਸਾਨੂੰ ਮਸੀਹ ਦੇ ਦਿਲ ਅਤੇ ਪਿਤਾ ਦੇ ਪਿਆਰ ਦੇ ਚਿੰਨ੍ਹ ਬਣਨ ਅਤੇ ਪੂਰੀ ਦੁਨੀਆ ਨੂੰ ਗਲ ਨਾਲ ਲਾਉਣ ਦੇ ਇਸ ਮਿਸ਼ਨ ਨੂੰ ਜਾਰੀ ਰੱਖਣ ਲਈ ਭੇਜਿਆ ਗਿਆ ਹੈ। (Address to Participants in the General Assembly of the Pontifical Mission Societies, 3 June, 2023)।

**3. ਉਮੀਦ ਦੇ ਮਿਸ਼ਨ ਨੂੰ ਨਵਿਆਉਣਾ/ਦਾ ਨਵੀਨੀਕਰਨ**

ਅੱਜ ਉਮੀਦ ਦੇ ਮਿਸ਼ਨ ਦੀ ਲੋੜ ਦਾ ਸਾਹਮਣਾ ਕਰਦੇ ਹੋਏ, ਮਸੀਹ ਦੇ ਚੇਲਿਆਂ ਨੂੰ ਸਭ ਤੋਂ ਪਹਿਲਾਂ ਇਹ ਖੋਜਣ ਲਈ ਕਿਹਾ ਜਾਂਦਾ ਹੈ ਕਿ ਉਹਨਾਂ ਉਮੀਦ ਦੇ "ਕਾਰੀਗਰ" ਕਿਵੇਂ ਬਣਨਾ ਹੈ ਅਤੇ ਅਕਸਰ ਭਟਕਦੀ ਅਤੇ ਦੁਖੀ ਮਨੁੱਖਤਾ ਨੂੰ ਕਿਵੇਂ ਬਹਾਲ ਕਰਨਾ ਹੈ।

ਇਸ ਉਦੇਸ਼ ਲਈ, ਸਾਨੂੰ ਹਰ ਯੂਖ਼ਰਿਸਟਿਕ ਸਮਾਰੋਹ ਵਿੱਚ ਅਤੇ ਵਿਸ਼ੇਸ਼ ਕਰਕੇ ਈਸਟਰ ਸਮੇਂ ਦੌਰਾਨ ਅਨੁਭਵ ਕੀਤੀ ਗਈ ਈਸਟਰ ਅਧਿਆਤਮਿਕਤਾ ਵਿੱਚ ਨਵੀਨੀਕਰਨ ਦੀ ਲੋੜ ਹੈ।

ਅਸੀਂ ਮਸੀਹ ਦੀ ਮੌਤ ਅਤੇ ਪੁਨਰ-ਉਥਾਨ ਵਿੱਚ ਬਪਤਿਸਮਾ ਲਿਆ ਹੈ। ਧਾਰਮਿਕ ਸਮਾਰੋਹਾਂ ਅਤੇ ਸੰਸਕਾਰਾਂ ਵਿੱਚ ਪੇਸ਼ ਕੀਤੇ ਗਏ ਪਾਸਕਲ ਭੇਦਾਂ ਤੋਂ, ਅਸੀਂ ਵਿਸ਼ਵਵਿਆਪੀ ਪ੍ਰਚਾਰ ਦੇ ਵਿਸ਼ਾਲ ਖੇਤਰ ਵਿੱਚ ਜੋਸ਼, ਸੰਸਕਾਰ ਅਤੇ ਧੀਰਜ ਨਾਲ ਕੰਮ ਕਰਨ ਲਈ ਪਵਿੱਤਰ ਆਤਮਾ ਦੀ ਸ਼ਕਤੀ ਨੂੰ ਨਿਰੰਤਰ ਪ੍ਰਾਪਤ ਕਰਦੇ ਹਾਂ। ਜੀਉੱਠਿਆ ਅਤੇ ਮਹਿਮਾਵੰਤ ਹੋਇਆ ਮਸੀਹ ਸਾਡੀ ਉਮੀਦ ਦਾ ਸਰੋਤ ਹੈ ਅਤੇ ਉਹ ਸਾਨੂੰ ਉਸ ਮਦਦ ਤੋਂ ਵਾਂਝਾ ਨਹੀਂ ਕਰੇਗਾ, ਜਿਸਦੀ ਸਾਨੂੰ, ਉਸ ਮਿਸ਼ਨ ਨੂੰ ਪੂਰਾ ਕਰਨ ਦੀ ਲੋੜ ਹੈ, ਜੋ ਉਸਨੇ ਸਾਨੂੰ ਸੌਂਪਿਆ ਹੈ (Evangelia 275)। ਉਸ ਵਿੱਚ ਅਸੀਂ

ਜੀਉਂਦੇ ਹਾਂ ਅਤੇ ਉਸ ਪਵਿੱਤਰ ਉਮੀਦ ਦੀ ਗਵਾਹੀ ਦਿੰਦੇ ਹਾਂ ਜੋ ਖ਼ੁਦਾ ਵੱਲੋਂ ਇੱਕ ਤੋਹਫ਼ਾ ਹੈ ਅਤੇ ਮਸੀਹੀਆਂ ਲਈ ਇੱਕ ਕਾਰਜ ਹੈ।

ਪ੍ਰਾਰਥਨਾ ਦੇ ਮਰਦ ਅਤੇ ਔਰਤਾਂ 'ਉਮੀਦ ਦੇ ਮਿਸ਼ਨਰੀ' ਹਨ, ਕਿਉਂਕਿ ਉਮੀਦ ਕਰਨ ਵਾਲਾ ਵਿਅਕਤੀ-ਪ੍ਰਾਰਥਨਾ ਕਰਨ ਵਾਲਾ ਵਿਅਕਤੀ ਹੁੰਦਾ ਹੈ। ਅਸੀਂ ਉਮੀਦ ਦੇ ਮਿਸ਼ਨ ਨੂੰ ਨਵਿਆਉਂਦੇ ਹੋਏ, ਪ੍ਰਾਰਥਨਾ ਸ਼ੁਰੂ ਕਰਦੇ ਹਾਂ। ਪ੍ਰਾਰਥਨਾ ਦੁਆਰਾ ਅਸੀਂ ਆਪਣੇ ਅੰਦਰ, ਖ਼ੁਦਾ ਦੁਆਰਾ ਉਮੀਦ ਦੀ ਚੰਗਿਆੜੀ ਨੂੰ, ਜ਼ਿੰਦਾ ਰੱਖਦੇ ਹਾਂ, ਜੋ ਸਾਡੇ ਆਲੇ-ਦੁਆਲੇ ਦੇ ਹਰ ਕਿਸੇ ਨੂੰ ਪ੍ਰਕਾਸ਼ਮਾਨ ਕਰਦੀ ਅਤੇ ਗਰਮ ਰੱਖਦੀ ਹੈ।

ਅੰਜੀਲੀਕਰਨ ਹਮੇਸ਼ਾ ਇੱਕ ਭਾਈਚਾਰਿਕ ਪ੍ਰਕ੍ਰਿਆ ਹੁੰਦੀ ਹੈ। ਮੈਂ ਤੁਹਾਨੂੰ ਸਾਰਿਆਂ : ਬੱਚਿਆਂ, ਨੌਜਵਾਨਾਂ, ਬਾਲਗਾਂ ਅਤੇ ਬਜ਼ੁਰਗਾਂ ਨੂੰ, ਪ੍ਰਾਰਥਨਾ ਦੇ ਗਵਾਹ ਵਜੋਂ ਤੁਹਾਡੀਆਂ ਕੁਰਬਾਨੀਆਂ ਅਤੇ ਤੁਹਾਡੀ ਉਦਾਰਤਾ ਦੁਆਰਾ, ਚਰਚ ਦੇ ਸਾਂਝੇ ਪ੍ਰਚਾਰ ਮਿਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ, ਤਾਕੀਦ ਕਰਦਾ ਹਾਂ। ਧੰਨਵਾਦ।

ਪਿਆਰੇ ਭਰਾਓ ਅਤੇ ਭੈਣੋਂ, ਆਓ ਅਸੀਂ ਮਾਤਾ ਮਰੀਅਮ ਵੱਲ ਮੁੜੀਏ ਜੋ ਕਿ ਪ੍ਰਭੂ ਯਿਸੂ ਮਸੀਹ ਦੀ ਮਾਂ ਅਤੇ ਸਾਡੀ ਉਮੀਦ ਹੈ। ਮਸੀਹੀ ਉਮੀਦ ਦੀ ਰੌਸ਼ਨੀ ਹਰ ਆਦਮੀ ਅਤੇ ਔਰਤ ਨੂੰ ਖ਼ੁਦਾ ਦੇ ਪਿਆਰ ਦੇ ਸੰਦੇਸ਼ ਦੇ ਰੂਪ ਵਿੱਚ ਪ੍ਰਕਾਸ਼ਮਾਨ ਕਰੇ।

ਰੋਮ, ਸੇਂਟ ਜੌਨ ਲਾਟਿਰਾਨ ਤੋਂ, 25 ਜਨਵਰੀ 2025 ਨੂੰ ਸੰਤ ਪੌਲੂਸ ਰਸੂਲ ਦੇ ਮਨ-ਪਰਿਵਰਤਨ ਦੀ ਈਦ ਦੇ ਮੌਕੇ ਜਾਰੀ ਕੀਤਾ ਗਿਆ।

– ਫਰਾਂਸਿਸ